# BJP used 'corrupt' IAS officer as RO to win RS poll, alleges Cong

## Says arrest of Pankaj Agarwal vindicates its earlier complaints

TRIBUNE NEWS SERVICE

CHANDIGARH, JUNE 24

The Congress on Wednesday launched a sharp attack on the BJP government over the Rs 657-crore IDFC First Bank scam, alleging that it had appointed a "corrupt" IAS officer as the Returning Officer (RO) for the March 2024 Rajya Sabha elections to ensure the victory of its backed candidate.

Addressing a press conference, Deputy Congress Legislature Party leader Aftab Ahmed and former Haryana Assembly Speaker Ashok Arora alleged that the government had failed to act against those responsible for the scam and was attempting to shield influential people.

Questioning the absence of departmental action, Arora said, "Why has no departmental action been initiated against anyone involved in the scam so far?" He alleged that the government was trying to protect influential persons while restricting the scope of the investigation.

He demanded a fair and impartial probe into the role of all those involved in the scam and sought strict legal as well as departmental action against every official or employee found guilty.

Targeting the BJP over the Rajya Sabha election, Ahmed said the Congress had earlier complained to both the Haryana Governor and the Election Commission of India regarding the alleged conduct of Returning Officer and IAS officer Pankaj Agarwal during the March 16 Rajya Sabha election.

"The Congress had complained to the Haryana Governor and the Election Commission of India about the dubious role of the Returning Officer, IAS officer Pankaj Agarwal, in trying to make BJP-backed candidate Satish Nandal win the poll. The action should have been taken against him," Ahmed said.

He further alleged, "The government knew that the RO was involved in the scam, so they promised to bail him out. The BJP government used a corrupt officer to win the Rajya Sabha elections. The arrest of IAS officer Pankaj Agarwal on June 22 proved correct what we have been saying so far."

Ahmed also demanded that responsibility for the scam be fixed on the Chief Minister, who also holds the Finance portfolio, as well as the Finance Secretary.



Deputy CLP Leader Aftab Ahmed and former Haryana Speaker Ashok Arora address mediapersons in Chandigarh on Wednesday.

### Law and order under attack

Turning to law and order, Arora alleged that an atmosphere of fear and insecurity prevailed across Haryana. "Criminals are openly carrying out incidents of gang wars, extortion and organised crime," he said, adding that not only ordinary citizens but even elected representatives no longer felt safe. He also alleged that crimes against women were on the rise, which, according to him, reflected the government's failure to maintain law and order.

Arora further alleged that Chief Minister Nayab Singh Saini appeared "more interested in Punjab's politics than in addressing Haryana's pressing issues" and also criticised his decision to agree to release water to Rajasthan.

# National junior canoeist drowns in Rohtak village

ROHTAK, JUNE 24

A 15-year-old national-level junior canoeist reportedly died after drowning in a pond at her native Karontha village in the district on Monday evening. The incident occurred when she was swimming in the village pond following a training session.

After a post-mortem examination on Tuesday, the police handed over the body of Maya to her family. Investigating officer Mamtesh said the exact cause of death would be ascertained after the autopsy report was received. — TNS

# CM Saini rushes 2 accident victims to hospital in convoy ambulance

TRIBUNE NEWS SERVICE

KURUKSHETRA, JUNE 24

Chief Minister Nayab Singh Saini came to the aid of two road accident victims on the Ladwa-Babain road on Wednesday evening, directing that they be shifted to a hospital in an ambulance from his official convoy.

> Noticed injured lying on Ladwa-Babain road

The Chief Minister was returning from Ladwa when he noticed the injured lying on the roadside. He immediately stopped his convoy, inquired about their condition and instructed officials accompanying him to ensure they received prompt medical attention.

The injured, identified as Amit and Rajat, were taken to the Community Health Centre in Shahabad for treatment.

Earlier in the day, Saini visited the Haryana Vaishnav Temple in Babain, where the temple dome had collapsed on Sunday, claiming the life of caretaker Natraj Giri.

During his visit, the Chief Minister announced a grant of Rs 21 lakh for the reconstruction of the temple.

# Speaker rejects Hooda's reply on 'mock session', calls it misleading

TRIBUNE NEWS SERVICE

CHANDIGARH, JUNE 24

Haryana Vidhan Sabha Speaker Harvinder Kalyan has rejected the explanation submitted by Leader of Opposition Bhupinder Singh Hooda over the Congress Legislature Party's parallel "mock Vidhan Sabha" held inside the Assembly complex on April 27, terming the response "vague, misleading, factually incorrect and contrary to constitutional and parliamentary norms."

In his response, the Speaker said Hooda's reply neither addressed the three issues raised by him nor expressed any regret or remorse. "The reply is vague, misleading, factually incorrect and contrary to constitutional and parliamentary norms. It also lacks any expression of regret or remorse and contains unfounded advice, making it unsatisfactory," Kalyan observed.

The Speaker had sought clarification after Congress legislators organised a parallel session in the Assembly parking area during the special session on April 27. He had asked Hooda to explain the constitutional basis for holding the parallel session, the reasons for calling the special session unconstitutional, and the grounds for describing the resolution supporting the Nari Shakti Vandan Adhiniyam as unconstitutional.

Rejecting Hooda's explanation, Kalyan said linking the special Assembly session with an alleged "censure motion" was "entirely baseless and untrue" as no such motion was included in the agenda of the Business Advisory Committee or introduced in the House. "The Congress boycott of the session was based on incorrect facts and was a deliberate decision," he said.

The Speaker reiterated that the special session was convened by the Governor under Article 174 of the Constitution and its proceedings were protected under Article 194. He said political disagreement could not render a constitutionally convened session unconstitutional.

# Bumper crop: Maize growers demand MSP procurement

PARVEEN ARORA

TRIBUNE NEWS SERVICE

KARNAL, JUNE 24

With the arrival of summer maize picking up across grain markets in Karnal district, farmers have urged the Haryana Government to begin procurement at the minimum support price (MSP), alleging they are being forced to sell their produce to private traders at rates far below the announced support price.

Summer maize, an intermediate crop cultivated between the rabi and kharif maize seasons, is generally sown from early February to early March after the harvesting of potato, mustard and pea crops. Harvesting begins in June.


According to official data, maize arrivals in Karnal district touched 3,58,610 quintals till June 23 this season, nearly double the 1,89,864 quintals recorded during the corresponding period last year.

Karnal grain market registered the highest arrival of 1,63,724 quintals, followed by Indri (97,500 quintals), Gharaunda (67,116 quintals), Nissing (26,935 quintals) and Kunjpura (3,335 quintals).

Despite the higher arrivals, farmers alleged that there is no government procurement of summer maize and they are compelled to sell their produce to private traders for Rs 1,100 to Rs 2,000 per quintal, well below the MSP of Rs 2,410 per quintal. Bahadur Singh Mehla, spokesperson of BKU (Sir Chhotu Ram), alleged that the government has failed to provide procurement facilities despite encouraging farmers to diversify from paddy to maize and other alternative crops.

"The government announces an MSP for maize every year, but when farmers bring their produce to the grain markets, there is no effective procurement mechanism in place. As a result, they are compelled to sell their crop at throwaway prices," Mehla said.

Dr Virender Singh Lather, former Principal Scientist at the Indian Agricultural Research Institute, New Delhi, said it was surprising that while kharif and rabi maize are procured at MSP, summer maize has been excluded.




HDFC BANK
We understand your world

**Registered Office:** HDFC Bank House, Senapati Bapat Marg, Lower Parel (W), Mumbai 400 013 **HDFC Bank Ltd.** Plot No. 1120, 1st Floor, Mall Road, Amritsar-143001.

**"APPENDIX- IV-A [See proviso to rule 8 (6)]**

**SALE NOTICE FOR SALE OF IMMOVABLE PROPERTIES**

E-Auction Sale Notice for Sale of Immovable Assets under the Securitisation and Reconstruction of Financial Assets and Enforcement of Security Interest Act, 2002 read with proviso to Rule 8 (6) of the Security Interest (Enforcement) Rules, 2002

Notice is hereby given to the public in general and in particular to the Borrower (s) and Guarantor (s) that the below described immovable property mortgaged/charged to the Secured Creditor, the physical possession of which has been taken by the Authorised Officer of HDFC Bank Ltd. Secured Creditor, will be sold on "As is where is", "As is what is", and "Whatever there is" on **05/08/2026, for recovery of Rs. 19,14,787/- o/s as on 27/01/2021** along with further interest and charges applicable due to the HDFC Bank Ltd. Secured Creditor from **Dhan Baba Mehar Das Ji Trading Co, Kuldeep Singh, Gurinder Singh, Palwinder Singh (Borrower/Co-Borrower/Guarantor/Mortgagor).** The reserve price will be **Rs. 17,59,500/-** and the earnest money deposit will be **Rs. 1,75,950/-**

**Short description of the immovable property**

Commercial property Booth No. 31 situated at Amritsar Urban Circle No. 107 (Dana Mandi), New Grain Market, Ilaqa Vikas Scheme Tehsil and Distt Amritsar, Bearing Khasra No. 1599 Min, Property measuring 25.5 Sq. Yards, bearing Khasra No. 1599, Khata/Khatoni No. 445/840, Hadbast No. 387, Mutation No. 16738, Amritsar, Punjab

For detailed terms and conditions of the sale, please refer to the link provided in HDFC Bank Ltd, Secured Creditor's website. https://www.hdfc.bank.in/auction-notices

**Date: 25.06.2026, Place: Amritsar** **Authorised Officer, HDFC Bank Ltd.**

Karnataka Bank Ltd.
Your Family Bank. Across India.

**Asset Recovery Management Branch**
**8-B,First Floor,**
**Rajendra Park, Pusa Road**
**New Delhi-110 060**

**Phone : 011-40591567(Ext-231)**
**E-Mail : delhiarm@ktkbank.com**
**Website : www.karnatakabank.com**
**CIN : L85110KA1924PLC001128**

**SALE NOTICE OF IMMOVABLE PROPERTY**

**E-Auction Sale Notice for Sale of Immovable Assets under the Securitisation and Reconstruction of Financial Assets and Enforcement of Security Interest Act 2002 read with provision to rule 8(6) of Security Interest (Enforcement) Rules, 2002.**

Notice is hereby given to public in general and in particular to Borrower (s) and Guarantor (s) that the below described immovable property mortgaged/charged to the secured Creditor, the **Symbolic Possession** of which has been taken by the Authorised Officer of Karnataka Bank Ltd, the Secured Creditor on **11.07.2025, will be sold on "As is Where is", "As is What is" and "Whatever there is"** basis on **01.08.2026**, for recovery of **Rs.4,41,38,785.92 (Rupees Four Crore Forty One Lakhs Thirty Eight Thousand Seven Hundred Eighty Five and Paise Ninety Two Only) i.e. (i) Rs.3,27,06,230.78 Under Overdraft A/c No. 4527000100350901 along with future interest from 01.05.2025, (ii) Rs.1,14,32,555.14 Under PSTL A/c No. 4527001800038301 along with future interest from 11.05.2025, plus costs**, due to the **Karnataka Bank Ltd, Ludhiana Branch**, Sona Complex, G T Road, Millerganj, Ludhiana-141003, Punjab, the Secured creditor from **(1) M/s Maya Enterprises, Represented by its Proprietor, Mr. Harmeet Singh, Registered Address:** Shop No. 08, First floor, Guru Nanak Dev Market, Ludhiana, Punjab -141003, **(2) Mr. Harmeet Singh S/o Late Mr. Ajit Singh, (3) Mrs. Sehleen Kaur W/o Mr. Gurjot Singh, (4) Mr. Gurjot Singh S/o Mr. Harmeet Singh, (5) Mrs. Jaipreet Kaur W/o Mr. Harmeet Singh, All No. (2) to (5) are residing at:** House No.625-R, Model Town, Ludhiana, Punjab -141003, **being borrowers/ guarantors/ co – obligants.**

**DESCRIPTION OF THE IMMOVABLE PROPERTY:**

All that Part and Parcel of Residential Plot bearing MC No. B-XVIII-93 (Portion), situated on Plot No.597-R (Portion), measuring 203.625 sq. yards (as per documents), 211.25 sq. Yards (as per actuals), Near Aditya Jaitley Chowk, Model Town, Ludhiana, Punjab - 141002, **belonging to Mr. Harmeet Singh. Boundaries: East:** Road (59'-31/2" + Road curve 13'-7"), **West :** Seller (Portion of 597-R) (70'-6"), **North :** Plot No 602-L (52'-7"), **South :** Road (44'-10")

**Reserve Price / Upset Price below which the property may not be sold:** Rs. 3,75,75,000.00 (Rupees Three Crore Seventy Five Lakhs Seventy Five Thousand Only)

**Earnest money to be deposited/tendered:** Rs. 37,57,500.00 (Rupees Thirty Seven Lakhs Fifty Seven Thousand Five Hundred Only).

(The borrower's / mortgagor's attention is invited to the provisions of Sub-section (8) of Section 13 of the Act, in respect of time available to redeem the secured asset).

**(This Notice shall also serve as Notice under Sub Rule (6) of Rule (8) of Security Interest Enforcement Rules-2002 to the Borrower/Guarantors)**

**For detailed terms and conditions of sale, please refer to link in Karnataka Bank's Website i.e., www.karnatakabank.com under the head "Mega E-Auction on 01.08.2026".**

The E-auction will be conducted through portal **https://bankauctions.in/** on **01.08.2026** from 11:30 A.M to 12:30 P.M with unlimited extension of 05 minutes. The intending bidder is required to register their name at https://bankauctions.in/ and get the user Id and password free of cost and get online training on E-auction **(tentatively on 31.07.2026)** from M/s.4closure, 605A, 6th Floor, Maitrivanam, Ameerpet, Hyderabad-500038, **Contact No.040-23836405, Mobile 8142000809, E-mail: info@bankauctions.in.**

**Date : 24.06.2026** **For Karnataka Bank Ltd.**
**Place: Ludhiana** **Chief Manager & Authorized Officer**

**FORM NO.**
[See Regulation 33(2)]
By Regd. A/D, Dasti failing which by Publication.
**OFFICE OF THE RECOVERY OFFICER-I/II**
**DEBTS RECOVERY TRIBUNAL CHANDIGARH (DRT 3)**
Ground Floor, SCO 33-34-35, Sector 17-A, Chandigarh-160017

**NOTICE FOR SETTLING A SALE PROCLAMATION UNDER RULE 53 OF THE SECOND SCHEDULE TO THE INCOME TAX ACT, 1961 READ WITH THE RECOVERY OF DEBTS & BANKRUPTCY ACT, 1993.**

**Exh. No.: 1449**
**RC/608/2018** **21-04-2026**

**BANK OF INDIA**
**Versus**
**M/S AHUJA GLOBAL INDIAN LTD.**

To,

(CD1) M/S AHUJA GLOBAL INDIAN LTD. (PUBLIC LTD. COMPANY) HAVING REGISTERED OFFICE AT RAILWAY ROAD, NEAR SHASTRI MARKET, KOTKAPURA (PUNJAB) THROUGH ITS DIRECTORS/MANAGING DIRECTOR/CHAIRMAN.
WORKPLACE: FOCAL POINT, FARIDKOT-MUKTSAR ROAD BYEPASS, KOTKAPURA, DISTRICT FARIDKOT (PUNJAB).

(CD2) SH. DEVINDER SINGH AHUJA S/O LATE SH. GURCHARAN SINGH AHUJA, DIRECTOR OF M/S AHUJA GLOBAL INDIA PUBLIC LTD. COMPANY, R/O AHUJA HOUSE, PHERUMAN CHOWK, KOTKAPURA, DISTRICT FARIDKOT.

(CD3) SH. HARINDER SINGH AHUJA S/O LATE SH. GURCHARAN SINGH AHUJA, DIRECTOR OF M/S GLOBAL INDIA PUBLIC LTD. COMPANY, R/O AHUJA HOUSE, PHERUMAN CHOWK, KOTKAPURA, DISTRICT FARIDKOT.

(CD4) SH. BALJIT SINGH AHUJA S/O LATE SH. GURCHARAN SINGH AHUJA, DIRECTOR OF M/S GLOBAL INDIA PUBLIC LTD. COMPANY, R/O AHUJA HOUSE, PHERUMAN CHOWK, KOTKAPURA, DISTRICT FARIDKOT.

(CD5) SH. GURPREET SINGH AHUJA S/O SH. HARINDER SINGH AHUJA, R/O AHUJA HOUSE, PHERUMAN CHOWK, KOTKAPURA, DISTRICT FARIDKOT.

(CD7) SMT. NEELAM AHUJA W/O SH. HARINDER SINGH AHUJA, R/O AHUJA HOUSE, PHERUMAN CHOWK, KOTKAPURA, DISTRICT FARIDKOT.

(CD8) SMT. RAJINDER KAUR AHUJA W/O SH. BALJIT SINGH AHUJA, R/O AHUJA HOUSE, PHERUMAN CHOWK, KOTKAPURA, DISTRICT FARIDKOT.

(CD9) SMT. NARINDER KAUR AHUJA W/O SH. DEVINDER SINGH AHUJA, R/O AHUJA HOUSE, PHERUMAN CHOWK, KOTKAPURA, DISTRICT FARIDKOT.

(CD10) SH. BARLEEN SINGH AHUJA S/O SH. BALJIT SINGH AHUJA, R/O AHUJA HOUSE, PHERUMAN CHOWK, KOTKAPURA, DISTRICT FARIDKOT.

(CD10) M/S EVERSHINE RICE MILLS KOTAKPURA, A PARTNERSHIP FIRM AT KOTKAPURA JAITO ROAD, KOTAKPURA, THROUGH ITS PARTNERS.
a) GURPREET SINGH AHUJA S/O SH. HARINDER SINGH AHUJA.
b) BARLEEN SINGH AHUJA S/O SH. BALJIT SINGH AHUJA.

Whereas you the was ordered by the Presiding Officer of DEBTS RECOVERY TRIBUNAL CHANDIGARH (DRT 3) who had issued the Recovery Certificate dated **12/09/2017** in **OA/5125/2017** to pay to the Applicant Bank(s)/Financial Institution(s) Name of applicant, the sum of **Rs. 31,07,21,142.89 ( Rupees Thirty One Crores Seven Lakh Twenty One Thousands One Hundred Forty Two And Paise Eighty Nine Only)** along with future simple interest @12.00% w.e.f.11.09.2015 till realization and costs of **Rs. 1,50,000.00 (Rupees One Lakh Fifty Thousand Only)**, and whereas the said has not been paid, the undersigned has ordered the sale of undermentioned immovable / Immoveable property.

2. You are hereby informed that the **06/07/2026** at **10.30 A.M.** has been fixed for drawing up the proclamation of sale and settling the terms thereof. You are requested to bring to the notice of the undersigned any encumbrances, charges, claims or liabilities attached to the said properties or any portion thereof.

**Specification of property**

1. Property at B-2/163, Dera Kabul Shah Wala Kotkapura measuring 539 sq. yards (8.5 Marla i.e. 255 Sq. yards in the name of Mr. Harinder Singh S/o Mr. Gurcharan Singh and 284 Sq. yards in the name of Mr. Baljit Singh S/o Shri Gurcharan Singh.
2. Factory land and building at Jalallana Road, Kotkapura measuring 22 Kanals in the name of firm M/s Ahuja Global (India) Ltd.
3. House No. B-3/258 Harnampura situated at Agwar Nehra, Kotkapura Measuring 376.50 (161.5 Sq. yards in the name of Mr. Harinder Singh S/o Mr. Gurcharan Singh and 215 Sq. yards in the name of Mr. Devinder Singh S/o Gurcharan Singh).
4. House No. B-III-256 Mohalla Harnampura, Near Gurudwara Dasvi Patshaahi Road, Kotkapura measuring 223 Sq. yards (130 Sq Yrds in the name of Baljit Singh S/o Gurcharan Singh sale deed wasika no. 3037 dated 26.09.1994 & 93 Sq Yrds in the name of Maya Devi & Baljit Singh sale deed wasika no. 798 dated 02.08.1996.
5. Factory land and building situated at Jalaliana road, Near Focal Point, Kotkapura measuring 37 K 16 Marla (12K13M in the name of 1. Mrs. Narinder Kaur W/o Sh. Devinder Singh 2. Mrs. Neelam Rani W/o Harinder Singh and 3. Mrs. Rajinder Kaur W/o Baljit Singh) (25K 3M in the name of Ahuja Global (India) Ltd.
6. Farm House, opposite Silica Resorts, Kotkapura measuring 4 Kanal in the name of M/s Ahuja Global (India) Ltd.
7. Factory premises of Evershine Rice Mills measuring 23K 10.5M (15K 1.5M in the name of Evershine Rice Mills situated at Jaito Road, Kotkapura & 8K 9M in the name of Evershine Rice Mills situated at Jaito Road, Kotkapura)

Given under my hand and the seal of the Tribunal, on this date: 21/04/2026.

**Recovery Officer**
**DEBTS RECOVERY TRIBUNAL CHANDIGARH (DRT 3)**

pnb punjab national bank ... the name you can BANK upon!

**CIRCLE OFFICE : PLOT NO. 445, PHASE 3, NEAR DADI POTI PARK, MODEL TOWN, BATHINDA**

**CORRIGENDUM OF SALE NOTICE FOR SALE OF IMMOVABLE PROPERTIES**

Please refer to E-Auction Sale Notice for the account of **M/s Shiv Shakti Medical Society** of **our Mansa-031300** Branch published in The Tribune & Punjabi Tribune on Dated 24.06.2026. Now in this account Please read the Details of the encumbrances known to the secured creditors :-
**1)** SA/302/2025 pending before DRT-III, Chandigarh.
**2)** Cases pending before Hon'ble Punjab & Haryana High Court Chandigarh, details are given below:-
**a)** CR/1649/2026. **b)** CR/1743/2022. **c)** CRM-M/60578/2022. **d)** COCP/3097/2023. **e)** CACP/09/2024.
**3)** CRM/673/2025 (At CJM Court Mansa).
**4)** OA/2695/2017 pending before DRT-III, Chandigarh.
All others terms & condition of sale notice will be remain same as published in Newspapers The Tribune & Punjabi Tribune on dated 24.06.2026. **Authorised Officer**

KARVY FINANCE

**POSSESSION NOTICE (For Immovable Property)**

**Corporate Office:** Karvy Financial Services Limited, 301, 3rd Floor , Gujrals House, 167, CST Road, Opp Idbi Bank, Kolivery Area Village, MMRDA, Kalina, Santacruz (E), Mumbai 400098

Whereas the undersigned being the Authorised Officer of the **Karvy Financial Services Ltd.** under the Securitisation and Reconstruction of Financial Assets and Enforcement of Security Interest (Act,2002) and in exercise of the power conferred under section 13(12) read with Rule 3 of the Security Interest (Enforcement) Rules, 2002, issued demand notice to repay the amount mentioned in the notice within 60 days from the date of receipt of the said notice/s.

The borrower/s having failed to repay the amount, notice is hereby given to the borrower/s and the public in general that the undersigned has taken possession of the property described herein below in exercise powers conferred on him/her under sub-section (4) of Section 13 of the said Act read with Rule 8 of Security Interest Enforcement Rules, 2002.

The borrower/s in particular and the public in general is hereby cautioned not to deal with the property/ies and any dealings with the property/ies will be subject to the charge of Karvy Financial Services Ltd., for the amount mentioned in the demand notice and interest thereon as per loan agreement. The borrowers' attention is invited to provisions of Sub-section (8) of Section13 of the Act, in respect of time available, to redeem the secured assets.

| Loan A/c No. / Name of the Borrower/ Co Borrower | Demand Notice date & Amount | Date & Type of possession Taken |
|---|---|---|
| **Loan Account No. 531266, 1. BALWINDER KAUR 2. LAKHWINDER SINGH** HOUSE NO 105, WARD NO. 4, KHASRA NO. 762 (6-5), 1126/764 (3-2) EKTA COLONY, RAKBA VILLAGE RAJPURA - 140401 | **Rs. 2017284/- & 3rd October 2025** | 23rd June 2026 (Symbolic Possession) |

**Description of the Immovable Properties :** All That Piece And Parcel of the Property House No 105, Measuring 2 14/50 Biswas (114 Sq. Yards) i.e. 114/9350 share of 9 bhigas 7 biswas, out of Kewat/Khotoni No. 223/495, Khasra No 762 (6-5), 1126/764 (3-2), situated at Ekta Colony, Rakba Village, Dhaknasu Kalan, Rajpura, Dist. Patiala which is bounded under: East: Road, Length 27' West: Angrej Singh North: Road, Length 38' South: Road, Length 38'

**Place: Rajpura, Patiala**
**Dated: 23rd June 2026**
**Authorized Officer, (Karvy Financial Services Ltd.)**

Chola Enter a better life

**CHOLAMANDALAM INVESTMENT AND FINANCE COMPANY LIMITED**

**Corporate Office :** "CHOLA CREST" C 54 and 55, Super B-4, Thiru Vi Ka Industrial Estate, Guindy, Chennai - 600032., **Branch Office:** SCO 102-103, 3Rd floor, D Block, Ranjit Avenue, Near New Pizzeria, Amritsar-143001.

**POSSESSION NOTICE - Under Rule 8 (1)**

WHEREAS the undersigned being the Authorised Officer of **M/s. Cholamandalam Investment And Finance Company Limited,** under the Securitisation and Reconstruction of Financial Assets and Enforcement of Security Interest Act, 2002 hereinafter called the Act and in exercise of powers conferred under Section 13[12] read with Rules 9 of the Security Interest [Enforcement] Rules, 2002 issued demand notices calling upon the borrowers, whose names have been indicated in Column [B] below on dates specified in Column [C] to repay the outstanding amount indicated in Column [D] below with interest thereon within **60 days** from the date of receipt of the said notice.

The borrowers having failed to repay the amount, notice is hereby given to the borrowers in particular and the Public in general that the undersigned has taken possession of the properties mortgaged with the Company described in Column [E] herein below on the respective dates mentioned in Column [F] in exercise of the powers conferred on him under Section 13[4] of the Act read with Rule 9 of the Rules made there under.

The borrowers in particular and the Public in general are hereby cautioned not to deal with the properties mentioned in Column [E] below and any such dealings will be subject to the charge of **M/s. Cholamandalam Investment And Finance Company Limited** for an amount mentioned in Column [D] along with interest and other charges.

Under section 13 [8] of the Securitisation Act, the borrowers can redeem the secured asset by payment of the entire outstanding including all costs, charges and expenses before notification of sale.

| Sl. No | Name And Address Of Borrower/s & Loan Account Number | Date of Demand Notice | Outstanding Amount | Details of Property Possessed | Date Of Symbolic Possession |
|---|---|---|---|---|---|
| A | B | C | D | E | F |
| 1. | Loan Account No.- **X0HEARR00003217069** Borrower & Co-Borrowers: **1. Kulwinder Kaur W/o Malkit Singh (Borrower), 2. Parminder Singh S/o Charan Singh (Co-Borrower), 3. Sukhwinder Kaur W/o Parminder Singh (Co-Borrower), 4. New Bajaj Screw Factory** Through Its Proprietor **(Kulwinder Kaur) (Co-Borrower), All R/o:** House No. 77-78, Focal Point, Dalip Avenue, Amritsar 143001. | 10/04/2026 | **Rs. 48,78,620/- As On 09/04/2026** with further interest and charges thereon. | Property Bearing Private Plot No. 77-78, Measuring 225 Sq. Yds. Situated At Vakiya Rakba Sultanwind, Sub Urban Taraf Behniwal, Abadi Dalip Avenue, Tehsil and District Amritsar-I, registered as per gift deed bearing document no. 2019-20/89/1/4976, Dated - 05/09/2019. | 22/06/2026 |

**Dated : 25/06/2026** **Authorized Officer**
**Place : AMRITSAR (PUNJAB)** **M/s. Cholamandalam Investment and Finance Company Limited**

ICICI Home Finance

Corporate Office: ICICI Home Finance Company Limited, ICICI HFC Tower, Andheri - Kurla Road, Andheri (East), Mumbai - 400059, India

Branch Office: 1st floor, SCO-146-147, Feroze Gandhi Market, Ludhiana -141001

Notice for sale of immovable assets through Private Treaty

Sale Notice for Sale of Immovable Assets through Private Treaty under the Securitisation and Reconstruction of Financial Assets and Enforcement of Security Interest Act, 2002 read with Rule 8(8) r/w Rule 9 (1) of the Security Interest (Enforcement) Rules, 2002

ICICI Home Finance Company Limited (ICICI HFC) conducted several e-Auctions for the sale of the mortgaged property mentioned below, however, all such e-Auctions failed. Now, an interested buyer has approached ICICI HFC with an offer to purchase the said property for an amount of Rs. 8,00,000/- Notice is hereby given to the public in general and in particular to the Borrower(s) and Guarantor(s) that the below-described immovable property mortgaged/charged to the Secured Creditor, the Possession of which has been taken by the Authorized Officer of ICICI Home Finance Company Ltd., will be sold on "As is where is", "As is what is", and "Whatever there is", by way of Private Treaty as per the brief particulars given hereunder;

| Sr. No. | Name of Borrower(s)/ Co Borrowers/ Guarantors/ Legal Heirs. Loan Account No. | Details of the Secured asset(s) with known encumbrances, if any | Amount Out-standing | Reserve Price / Earnest Money Deposit | Date and Time of Property Inspection | Date & Time of Auction | One Day Before Auction Date | Sarfaesi Stage |
|---|---|---|---|---|---|---|---|---|
| (A) | (B) | (C) | (D) | (E) | (F) | (G) | (H) | (I) |
| 1. | Amandeep Sharma (Borrower) Rama Rani (Co-Borrowers) Lan No. LHLUD00001534379/ LHLUD00001534380 | House No 184 Khasra No. 12//10/2-11/1,13//4/2,5/2, 6,7/1,46 Khata No. 135/141 Page No. 342, As Per Jamabandi Year 2009-10, Khatta No. 151/157, As Per Jamabandi Year 2014-15 Situated At Village Jagirpur H.B. No 70 Abadi Known as Amarjit Colony Teh and Dist Ludhiana Punjab- 141007 | Rs. 15,81, 274/- June 23, 2026 | Rs. 8,00, 000/- / Rs. 80,000/- | July 06, 2026 11:00 AM To 03:00 PM | July 14, 2026 02:00 PM To 03:00 PM | July 13, 2026 before 04:00 PM | Physical Possession |

The online auction will be conducted on website (URL Link- https://BidDeal.in) of our auction agency ValueTrust Capital Services Private Limited. The Prospective Bidder(s) must submit the Earnest Money Deposit (EMD) RTGS/ Demand Draft (DD) (Refer Column E) at ICICI Home Finance Company Limited, Branch Office Address mentioned on top of the article on or before July 13, 2026 before 04:00 PM. The Prospective Bidder(s) must also submit a signed copy of the Registration Form & Bid Terms and Conditions form at ICICI Home Finance Company Limited, Branch Office Address mentioned on top of the article on or before July 13, 2026 before 05.00 PM. Earnest Money Deposit Demand Draft (DD) should be from a Nationalized/Scheduled Bank in favor of "ICICI Home Finance Company Ltd. – Auction" payable at the branch office address mentioned on top of the article.

The general public is requested to submit their bids higher than the amount being offered by the interested buyer mentioned above. It is hereby informed that in case no bids higher than the amount being offered by the aforementioned interested buyer is received by ICICI HFC, the mortgaged property shall be sold to the said interested buyer as per Rule 8(8) r/w Rule 9 (1) of the Security Interest (Enforcement) Rules, 2002.

For any further clarifications with regards to inspection, terms and conditions of the sale or submission of bids, kindly contact ICICI Home Finance Company Limited on 9920807300 or ValueTrust Centralised HelpDesk No. 6200-22-6200.

The Authorized Officer reserves the right to reject any or all the bids without furnishing any further reasons.

For detailed terms and conditions of the sale, please visit https://www.icicihfc.com.

Date: June 25, 2026 Authorized Officer, "ICICI Home Finance Company Limited"
Place: Ludhiana CIN Number:- U65922MH1999PLC120106

25062026-Mai-05_Layout 1 6/24/2026 11:05 PM Page 1



# ਕੋਲਕਾਤਾ ’ਚ ਗੁਦਾਮ ਦੀ ਛੱਤ ਡਿੱਗਣ ਕਾਰਨ ਪੰਜ ਮੌਤਾਂ

## ਮਲਬੇ ਹੇਠ ਦੱਬੇ 18 ਮਜ਼ਦੂਰ ਸੁਰੱਖਿਅਤ ਕੱਢੇ; ਬਾਕੀਆਂ ਨੂੰ ਬਾਹਰ ਕੱਢਣ ਲਈ ਰਾਹਤ ਕਾਰਜ ਜਾਰੀ

**ਕੋਲਕਾਤਾ, 24 ਜੂਨ**
ਇੱਥੋਂ ਦੇ ਤਾਰਾਤਲਾ ਖੇਤਰ ਵਿੱਚ ਨਿਰਮਾਣ ਅਧੀਨ ਤਿੰਨ ਮੰਜ਼ਿਲਾ ਗੁਦਾਮ ਦੀ ਛੱਤ ਡਿੱਗਣ ਕਾਰਨ 5 ਮਜ਼ਦੂਰਾਂ ਦੀ ਮੌਤ ਹੋ ਗਈ; 18 ਹੋਰਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਮੁੱਖ ਮੰਤਰੀ ਸੁਵੇਂਦੂ ਅਧਿਕਾਰੀ ਨੇ ਹਾਦਸੇ ਵਾਲੀ ਥਾਂ ਦਾ ਦੌਰਾ ਕਰਨ ਮਗਰੋਂ ਦੱਸਿਆ ਕਿ ਮਲਬੇ ਹੇਠਾਂ ਹਾਲੇ ਵੀ ਕਰੀਬ 21 ਹੋਰਾਂ ਦੇ ਫਸੇ ਹੋਣ ਦਾ ਖ਼ਦਸ਼ਾ ਹੈ, ਜਿਨ੍ਹਾਂ ਨੂੰ ਕੱਢਣ ਲਈ ਰਾਜ ਅਤੇ ਕੇਂਦਰ ਦੀਆਂ ਟੀਮਾਂ ਸਮੇਤ ਭਾਰਤੀ ਫ਼ੌਜ ਦੀ ਪੂਰਬੀ ਕਮਾਂਡ ਵੱਲੋਂ ਰਾਹਤ ਕਾਰਜ ਚਲਾਏ ਜਾ ਰਹੇ ਹਨ।

ਇਹ ਹਾਦਸਾ ਟ੍ਰਾਂਸਪੋਰਟ ਡਿਪੂ ਰੋਡ ’ਤੇ ਦੁਪਹਿਰ ਵੇਲੇ ਉਸ ਸਮੇਂ ਵਾਪਰਿਆ ਜਦੋਂ ਗੁਦਾਮ ਦੀ ਛੱਤ ਪਾਉਣ ਦਾ ਕੰਮ ਚੱਲ ਰਿਹਾ ਸੀ। ਅਚਾਨਕ ਲੋਹੇ ਦੇ ਗਾਡਰ ਅਤੇ ਕੰਕਰੀਟ ਦਾ ਵੱਡਾ ਹਿੱਸਾ ਹੇਠਾਂ ਆ ਡਿੱਗਿਆ। ਹਸਪਤਾਲ ਪ੍ਰਸ਼ਾਸਨ ਅਨੁਸਾਰ ਜ਼ਖ਼ਮੀਆਂ ਨੂੰ ਐੱਸ ਐੱਸ ਕੇ ਐੱਮ ਹਸਪਤਾਲ ਦੇ ਟਰੌਮਾ ਕੇਅਰ ਸੈਂਟਰ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿਨ੍ਹਾਂ ’ਚੋਂ 3 ਦੀ ਹਾਲਤ ਨਾਜ਼ੁਕ ਹੈ। ਜ਼ਖ਼ਮੀਆਂ ਦੇ ਇਲਾਜ ਲਈ ਮਾਹਿਰ ਡਾਕਟਰਾਂ ਦੀ ਵਿਸ਼ੇਸ਼ ਟੀਮ ਬਣਾਈ ਗਈ ਹੈ।

ਰਾਹਤ ਟੀਮਾਂ ਗੈਸ ਕਟਰ ਅਤੇ ਭਾਰੀ ਮਸ਼ੀਨਰੀ ਦੀ ਮਦਦ ਨਾਲ ਮਲਬਾ ਹਟਾਉਣ ਵਿੱਚ ਜੁਟੀਆਂ ਹੋਈਆਂ ਹਨ। ਐੱਨ ਡੀ ਆਰ ਐੱਫ ਵੱਲੋਂ ਖੋਜੀ ਕੁੱਤੇ ਅਤੇ ਡਰੋਨ ਤਾਇਨਾਤ ਕੀਤੇ ਗਏ ਹਨ। ਫਾਇਰ ਬ੍ਰਿਗੇਡ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨੇ ਮੁੱਢਲੀ ਜਾਂਚ ਦੇ ਆਧਾਰ ’ਤੇ ਨਿਰਮਾਣ ਕਾਰਜ ਵਿੱਚ ਘਟੀਆ ਸਮੱਗਰੀ ਵਰਤਣ ਦੇ ਦੋਸ਼ ਲਾਏ ਹਨ। ਸਥਾਨਕ ਲੋਕਾਂ ਨੇ ਵੀ ਇਲਾਕੇ ਵਿੱਚ ਗ਼ੈਰ-ਕਾਨੂੰਨੀ ਨਿਰਮਾਣ ਹੋਣ ਦਾ ਦਾਅਵਾ ਕੀਤਾ ਹੈ। ਇਸ ਸਬੰਧੀ ਸਰਕਾਰ ਨੇ ਜਾਂਚ ਦੇ ਹੁਕਮ ਦਿੱਤੇ ਹਨ। **-ਪੀਟੀਆਈ**



**ਗੋਦਾਮ ਦੀ ਛੱਤ ਡਿੱਗਣ ਮਗਰੋਂ ਬਚਾਅ ਕਾਰਜਾਂ ਵਿੱਚ ਜੁਟੇ ਰਾਹਤ ਕਰਮੀ।** -ਫੋਟੋ: ਪੀਟੀਆਈ

# ਰੈਪੋ ਰੇਟ ਵਧਾਉਣ ਬਾਰੇ ਚਰਚਾ ਹਾਲੇ ਬੇਵਕਤੀ: ਆਰ ਬੀ ਆਈ

## ਮੌਜੂਦਾ ਵਿੱਤੀ ਸਾਲ ਲਈ ਵਿਕਾਸ ਦਰ ਦਾ ਅਨੁਮਾਨ ਘਟਾ ਕੇ 6.6 ਫ਼ੀਸਦੀ ਕੀਤਾ

**ਨਵੀਂ ਦਿੱਲੀ, 24 ਜੂਨ**
ਕੇਂਦਰੀ ਬੈਂਕ ਪੱਛਮੀ ਏਸ਼ੀਆ ਦੀ ਸਥਿਤੀ ’ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਇਸ ਸਮੇਂ ਵਿਆਜ ਦਰਾਂ ਵਧਾਉਣ ਬਾਰੇ ਗੱਲ ਕਰਨਾ ਜਲਦਬਾਜ਼ੀ ਹੋਵੇਗਾ। ਇਹ ਦਾਅਵਾ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਦੇ ਗਵਰਨਰ ਸੰਜੈ ਮਲਹੋਤਰਾ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇ ਵਿਆਜ ਦਰ ਵਧਾਉਣਾ ਨਿਸ਼ਚਿਤ ਹੁੰਦਾ ਤਾਂ ਰਿਜ਼ਰਵ ਬੈਂਕ ਆਪਣਾ ਰੁਖ਼ ‘ਨਿਊਟਰਲ’ ਤੋਂ ਬਦਲ ਕੇ ‘ਰਿਸਟ੍ਰਿਕਟਿਵ’ ਕਰ ਦਿੰਦਾ। ਬੈਂਕ ਮਹਿੰਗਾਈ ਅਤੇ ਆਰਥਿਕ ਵਿਕਾਸ ਨਾਲ ਜੁੜੇ ਖ਼ਤਰਿਆਂ ਨੂੰ ਧਿਆਨ ਵਿੱਚ ਰੱਖਦਿਆਂ ਡੇਟਾ ਦੇ ਆਧਾਰ ’ਤੇ ਫ਼ੈਸਲੇ ਲਵੇਗਾ।

ਉਨ੍ਹਾ ਕਿਹਾ ਕਿ ਉਹ ਸੋਚਦੇ ਹਨ ਕਿ ਹਾਲ ਦੀ ਘੜੀ ਰੈਪੋ ਰੇਟ ਵਧਾਉਣ ਬਾਰੇ ਗੱਲ ਕਰਨਾ ਬੇਵਕਤੀ ਹੋਵੇਗਾ। ਇਸ ਮਹੀਨੇ ਦੀ ਮੁਦਰਾ ਨੀਤੀ ਮੀਟਿੰਗ ਵਿੱਚ ਆਰ ਬੀ ਆਈ ਨੇ ਰੈਪੋ ਰੇਟ 5.25 ਫ਼ੀਸਦੀ ’ਤੇ ਬਰਕਰਾਰ ਰੱਖਿਆ ਸੀ ਅਤੇ ਆਪਣਾ ਰੁਖ਼ ਨਿਊਟਰਲ ਰੱਖਿਆ ਸੀ। ਪੱਛਮੀ ਏਸ਼ੀਆ ਤਣਾਅ, ਤੇਲ ਦੀਆਂ ਵਧੀਆਂ ਕੀਮਤਾਂ ਅਤੇ ਆਲਮੀ ਸਪਲਾਈ ਦੀਆਂ ਮੁਸ਼ਕਲਾਂ ਕਾਰਨ ਮਹਿੰਗਾਈ ਅਤੇ ਵਿਕਾਸ ’ਤੇ ਅਸਰ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ। ਆਰ ਬੀ ਆਈ ਨੇ ਮੌਜੂਦਾ ਵਿੱਤੀ ਸਾਲ ਲਈ ਵਿਕਾਸ ਦਰ ਦਾ ਅਨੁਮਾਨ ਘਟਾ ਦਿੱਤਾ ਹੈ। ਸਾਲ 2026-27 ਵਿੱਚ ਅਸਲ ਵਿਕਾਸ ਦਰ 6.6 ਫ਼ੀਸਦੀ ਰਹਿਣ ਦਾ ਅਨੁਮਾਨ ਲਾਇਆ ਹੈ, ਜੋ ਕਿ ਅਪਰੈਲ ਦੇ 6.9 ਫ਼ੀਸਦੀ ਦੇ ਅਨੁਮਾਨ ਤੋਂ ਘੱਟ ਹੈ।

ਮਲਹੋਤਰਾ ਨੇ ਕਿਹਾ ਕਿ ਪੱਛਮੀ ਏਸ਼ੀਆ ਵਿੱਚ ਤਣਾਅ ਘਟਣਾ ਭਾਰਤ ਸਮੇਤ ਪੂਰੀ ਦੁਨੀਆ ਲਈ ਚੰਗੀ ਖ਼ਬਰ ਹੈ। ਕੱਚੇ ਤੇਲ ਦੀਆਂ ਕੀਮਤਾਂ ਵਿੱਚ ਕਮੀ ਅਤੇ ਯੂਰੀਆ ਦੀਆਂ ਘਟੀਆਂ ਕੀਮਤਾਂ ਨਾਲ ਭਾਰਤੀ ਅਰਥਵਿਵਸਥਾ ਨੂੰ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਆਰ ਬੀ ਆਈ ਫ਼ਿਲਹਾਲ ‘ਉਡੀਕ ਕਰੋ ਅਤੇ ਨਜ਼ਰ ਰੱਖੋ’ ਦੀ ਨੀਤੀ ’ਤੇ ਚੱਲ ਰਿਹਾ ਹੈ। **-ਪੀਟੀਆਈ**




# ਨਸ਼ਾ ਤਸਕਰੀ: ਈ ਡੀ ਦੇ ਦਿੱਲੀ ਵਿੱਚ ਪੰਜ ਥਾਈਂ ਛਾਪੇ

**ਨਵੀਂ ਦਿੱਲੀ (ਪੱਤਰ ਪ੍ਰੇਰਕ):** ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਮੁੰਦਰਾ ਬੰਦਰਗਾਹ ਤੋਂ ਲਗਪਗ 3,000 ਕਿਲੋ ਡਰੱਗਜ਼ ਜ਼ਬਤ ਕਰਨ ਦੇ ਮਾਮਲੇ ਸਬੰਧੀ ਮਨੀ ਲਾਂਡਰਿੰਗ ਦੀ ਚੱਲ ਰਹੀ ਜਾਂਚ ਤਹਿਤ ਦਿੱਲੀ ਵਿੱਚ ਪੰਜ ਥਾਵਾਂ ’ਤੇ ਛਾਪੇ ਮਾਰੇ। ਮਨੀ ਲਾਂਡਰਿੰਗ ਰੋਕਥਾਮ ਐਕਟ ਤਹਿਤ ਹਰਪ੍ਰੀਤ ਸਿੰਘ ਤਲਵਾੜ, ਸ਼ਮਸ਼ੂਦਰਨ ਅਤੇ ਉਨ੍ਹਾਂ ਦੇ ਸਹਿਯੋਗੀਆਂ ਨਾਲ ਜੁੜੇ ਟਿਕਾਣਿਆਂ ’ਤੇ ਛਾਪੇ ਮਾਰੇ ਗਏ। ਅਧਿਕਾਰੀਆਂ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੋਂ ਕੀਤੀ ਕਮਾਈ ਦਾ ਇੱਕ ਹਿੱਸਾ ਕੌਮੀ ਰਾਜਧਾਨੀ ਵਿੱਚ ਨਾਈਟ ਕਲੱਬਾਂ ’ਚ ਨਿਵੇਸ਼ ਲਈ ਭੇਜਿਆ ਗਿਆ ਸੀ।

## ਪਹਿਲੇ ਸਫੇ ਤੋਂ

### ਰਵਨੀਤ ਬਿੱਟੂ

ਬ੍ਰਹਮਦਾਸ, ਜਲੰਧਰ ਦਾ ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ, ਭਗਵਾਨ ਵਾਲਮੀਕ ਤੀਰਥਸਥਲ ਅੰਮ੍ਰਿਤਸਰ ਅਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਸਥਾਨਕ ਚੋਣਾਂ ਦੌਰਾਨ ਪੁਲੀਸ ਨਾਲ ਹੋਏ ਟਕਰਾਅ ਵਿੱਚ ਇਤਰਾਜ਼ਯੋਗ ਸ਼ਬਦਾਵਲੀ ਵਰਤਣ ਦੇ ਮਾਮਲੇ ਵਿੱਚ ਕਮਿਸ਼ਨ ਨੇ ਖ਼ੁਦ ਨੋਟਿਸ ਲੈਂਦਿਆਂ ਰਵਨੀਤ ਬਿੱਟੂ ਨੂੰ ਤਲਬ ਕੀਤਾ ਸੀ। ਪਹਿਲਾਂ ਦੋ ਵਾਰ ਗ਼ੈਰ-ਹਾਜ਼ਰ ਰਹਿਣ ਮਗਰੋਂ ਉਹ ਤੀਜੀ ਵਾਰ ਕਮਿਸ਼ਨ ਅੱਗੇ ਪੇਸ਼ ਹੋਏ। ਪੇਸ਼ੀ ਦੌਰਾਨ ਉਨ੍ਹਾਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਲਈ ਕੀਤੇ ਕੰਮਾਂ ਦਾ ਵੇਰਵਾ ਵੀ ਸਾਂਝਾ ਕੀਤਾ।

#### ਬਿੱਟੂ ਨੇ ਚੀਮਾ ਦੇ ਦੋਸ਼ ਨਕਾਰੇ

ਰਵਨੀਤ ਸਿੰਘ ਬਿੱਟੂ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਭਾਜਪਾ ’ਤੇ ਦਲਿਤ ਵਿਰੋਧੀ ਹੋਣ ਦੇ ਲਾਏ ਦੋਸ਼ ਸਿਰੇ ਤੋਂ ਨਕਾਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਵੱਲੋਂ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਦੇ ਦੌਰੇ ਦੀ ਸਿਰਫ਼ ਇੱਕ ਮੀਟਿੰਗ ਦੀ ਤਸਵੀਰ ਦਿਖਾ ਕੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹ ਮੀਟਿੰਗ ਸਾਬਕਾ ਸੰਸਦ ਮੈਂਬਰਾਂ ਅਤੇ ਸਾਬਕਾ ਵਿਧਾਇਕਾਂ ਦੀ ਸੀ। ਮੰਚ ’ਤੇ ਮੌਜੂਦਾ ਅਹੁਦੇਦਾਰਾਂ ਨੂੰ ਹੀ ਬਿਠਾਇਆ ਗਿਆ ਸੀ; ਬਾਕੀ ਹੇਠਾਂ ਬੈਠੇ ਸਨ। ਇਸ ਤੋਂ ਪਹਿਲਾਂ ਮੀਟਿੰਗ ਵਿੱਚ ਵਿਜੈ ਸਾਂਪਲਾ ਸਣੇ ਹੋਰਨ ਸੀਨੀਅਰ ਆਗੂਆਂ ਨੂੰ ਮੰਚ ’ਤੇ ਬਿਠਾ ਕੇ ਬਣਦਾ ਸਨਮਾਨ ਦਿੱਤਾ ਗਿਆ ਸੀ।

### ਇਜ਼ਰਾਈਲ

ਮਾਰੇ ਜਾ ਰਹੇ ਹਨ। ਇਜ਼ਰਾਇਲੀ ਵਿਦੇਸ਼ ਮੰਤਰਾਲੇ ਨੇ ਰਿਪੋਰਟ ਨੂੰ ‘ਝੂਠੀ ਤੇ ਬਦਨਾਮ ਕਰਨ ਵਾਲੀ’ ਕਰਾਰ ਦਿੱਤਾ ਅਤੇ ਕਿਹਾ ਕਿ ਰਿਪੋਰਟ ਵਿਚਲੇ ਦਾਅਵਿਆਂ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ। ਮੰਤਰਾਲੇ ਨੇ ਕਮਿਸ਼ਨ ਦੀ ‘ਬੁਨਿਆਦੀ ਤੌਰ ’ਤੇ ਨੁਕਸਦਾਰ ਵਿਧੀ’ ਵਜੋਂ ਵੀ ਆਲੋਚਨਾ ਕੀਤੀ ਜਿਸ ਦਾ ਉਦੇਸ਼ ਸੱਚਾਈ ਦੀ ਭਾਲ ਕਰਨ ਦੀ ਬਜਾਏ ਇਜ਼ਰਾਈਲ ਨੂੰ ਵੱਖ ਕਰਨਾ ਅਤੇ ਬਦਨਾਮ ਕਰਨਾ ਹੈ। **-ਏਪੀ**

### ਭਾਰਤ-ਅਮਰੀਕਾ

ਪੋਸਟ ਵਿੱਚ ਕਿਹਾ ਕਿ ਦੋਵਾਂ ਧਿਰਾਂ ਨੇ ਭਾਰਤ ਅਮਰੀਕਾ ਵਪਾਰ ਸਮਝੌਤੇ ਦੀ ਪ੍ਰਗਤੀ ਉੱਤੇ ਨਜ਼ਰਸਾਨੀ ਕੀਤੀ। ਉਨ੍ਹਾਂ ਕਿਹਾ, “ਮੈਂ ਰਾਜਦੂਤ ਗ੍ਰੀਰ ਦੀ ਲੀਡਰਸ਼ਿਪ ਅਤੇ ਦੋਵਾਂ ਧਿਰਾਂ ਵੱਲੋਂ ਆਪਣੀ ਗੱਲਬਾਤ ਨੂੰ ਉਸਾਰੂ ਤਰੀਕੇ ਨਾਲ ਅੱਗੇ ਲਿਜਾਣ ਲਈ ਕੀਤੇ ਜਾ ਰਹੇ ਟਿਕਾਊ ਯਤਨਾਂ ਦੀ ਤਾਰੀਫ਼ ਕਰਦਾ ਹਾਂ।” **-ਪੀਟੀਆਈ**

### ਤਖ਼ਤ ਹਜ਼ੂਰ ਸਾਹਿਬ

ਸਾਹਿਬ ਗੁਰਦੁਆਰਾ ਐਕਟ’ ਸਿਰਲੇਖ ਵਾਲਾ ਨਵਾਂ ਕਾਨੂੰਨ ਸੱਤ ਦਹਾਕਿਆਂ ਪੁਰਾਣੇ ਮੌਜੂਦਾ ਐਕਟ ਦੀ ਥਾਂ ਲਏਗਾ। ਨਵੇਂ ਕਾਨੂੰਨ ਦੇ ਖਰੜੇ ਨੂੰ ਆਗਾਮੀ ਮੌਨਸੂਨ ਸੈਸ਼ਨ ਦੌਰਾਨ ਮਹਾਰਾਸ਼ਟਰ ਅਸੈਂਬਲੀ ਵਿੱਚ ਪੇਸ਼ ਕਰਨ ਤੋਂ ਪਹਿਲਾਂ ਇਸ ਨੂੰ ਕਾਨੂੰਨ ਅਤੇ ਨਿਆਂ ਵਿਭਾਗ ਨਾਲ ਸਲਾਹ-ਮਸ਼ਵਰਾ ਕਰ ਕੇ ਅੰਤਿਮ ਰੂਪ ਦਿੱਤਾ ਜਾਵੇਗਾ। ਇੱਕ ਵਾਰ ਮਨਜ਼ੂਰੀ ਮਿਲਣ ਮਗਰੋਂ ਗੁਰਦੁਆਰਾ ਬੋਰਡ ਦੇ ਪ੍ਰਸ਼ਾਸਨ, ਚੋਣਾਂ ਅਤੇ ਉਪ-ਨਿਯਮਾਂ ਨੂੰ ਕੰਟਰੋਲ ਕਰਨ ਵਾਲੇ ਨਵੇਂ ਨਿਯਮ ਬਣਾਏ ਜਾਣਗੇ। ਪੰਥਕ ਜਥੇਬੰਦੀਆਂ ਨੇ ਮਹਾਰਾਸ਼ਟਰ ਸਰਕਾਰ ਦੇ ਇਸ ਕਦਮ ਨੂੰ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਦੀ ਧਾਰਮਿਕ ਖ਼ੁਦਮੁਖ਼ਤਾਰੀ ਵਿੱਚ ਸਿੱਧੀ ਘੁਸਪੈਠ ਦੱਸਿਆ ਹੈ। ਉਨ੍ਹਾਂ ਇਸ ਦੀ ਮਰਿਆਦਾ ਜਾਂ ਪ੍ਰਬੰਧਕੀ ਆਜ਼ਾਦੀ ਬਦਲਣ ਦੀ ਕਿਸੇ ਵੀ ਕੋਸ਼ਿਸ਼ ਵਿਰੁੱਧ ਚਿਤਾਵਨੀ ਦਿੱਤੀ ਹੈ।

### ਪ੍ਰਾਈਵੇਟ ਮੈਡੀਕਲ

ਪ੍ਰਤੀ ਸਾਲ ਟਿਊਸ਼ਨ ਫੀਸ 18.90 ਲੱਖ ਤੋਂ 25 ਲੱਖ ਰੁਪਏ ਵਿਚਕਾਰ ਹੈ। ਪਟੀਸ਼ਨਰ ਮੁਤਾਬਕ ਇਹ ਫੀਸ ਆਰਥਿਕ ਤੌਰ ’ਤੇ ਕਮਜ਼ੋਰ ਵਰਗ (ਈ ਡਬਲਿਊ ਐੱਸ) ਦੀ ਯੋਗਤਾ ਲਈ ਤੈਅ 8 ਲੱਖ ਰੁਪਏ ਦੀ ਸਾਲਾਨਾ ਆਮਦਨ ਹੱਦ ਦੇ ਬਿਲਕੁਲ ਉਲਟ ਹੈ। ਸੁਣਵਾਈ ਦੌਰਾਨ ਸਿਖਰਲੀ ਅਦਾਲਤ ਨੇ ਕਿਹਾ ਕਿ ਕੋਈ ਇਹ ਨਹੀਂ ਕਹਿ ਸਕਦਾ ਕਿ ਸੈਲਫ ਫਾਇਨਾਂਸਿੰਗ ਸੰਸਥਾਵਾਂ ਨੂੰ ਵੀ ਸਰਕਾਰੀ ਸੰਸਥਾਵਾਂ ਵਾਂਗ ਹੀ ਫੀਸ ਵਸੂਲਣੀ ਚਾਹੀਦੀ ਹੈ। ਬੈਂਚ ਨੇ ਟਿੱਪਣੀ ਕੀਤੀ, “ਕੋਈ ਵਿਅਕਤੀ ਇਹ ਨਹੀਂ ਕਹਿ ਸਕਦਾ ਕਿ ਪ੍ਰਾਈਵੇਟ ਸੰਸਥਾਵਾਂ ਵਿੱਚ ਫੀਸ ਬਹੁਤ ਜ਼ਿਆਦਾ ਹੈ ਅਤੇ ਇਸ ਨੂੰ ਸਰਕਾਰੀ ਸੰਸਥਾਵਾਂ ਦੇ ਬਰਾਬਰ ਕੀਤਾ ਜਾਵੇ।” ਪਟੀਸ਼ਨਰ ਵੱਲੋਂ ਪੇਸ਼ ਹੋਏ ਵਕੀਲ ਨੇ ਰਾਜਸਥਾਨ ਵਿੱਚ ਫੀਸਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਹ 25 ਲੱਖ ਰੁਪਏ ਤੱਕ ਜਾਂਦੀ ਹੈ। ਇਸ ’ਤੇ ਬੈਂਚ ਨੇ ਕਿਹਾ ਕਿ ਵਿਦਿਆਰਥੀਆਂ ਕੋਲ ਸਕਾਲਰਸ਼ਿਪ ਲੈਣ ਦਾ ਬਦਲ ਹੁੰਦਾ ਹੈ। ਅਦਾਲਤ ਨੇ ਕਿਹਾ, “ਸਾਨੂੰ ਇਸ ਦੇਸ਼ ਵਿੱਚ ਡਾਕਟਰਾਂ ਦੀ ਲੋੜ ਹੈ।” **-ਪੀਟੀਆਈ**

### ਘਰ-ਘਰ ਗਣਨਾ

ਨੇ ਵੀ ਚੌਕਸੀ ਵਧਾ ਦਿੱਤੀ ਹੈ। ਮੁੱਖ ਚੋਣ ਅਫਸਰ ਅਨਿੰਦਿਤਾ ਮਿਤਰਾ ਨੇ ਅੱਜ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਘਰ-ਘਰ ਗਣਨਾ ਦੇ ਪਹਿਲੇ ਪੜਾਅ ਵਿੱਚ ਬੀ ਐੱਲ ਓਜ਼ ਘਰ-ਘਰ ਜਾ ਕੇ ਪਹਿਲਾਂ ਤੋਂ ਛਪੇ ਫਾਰਮ ਵੰਡਣਗੇ ਅਤੇ ਬਾਅਦ ਵਿੱਚ ਇਹ ਇਕੱਠੇ ਕੀਤੇ ਜਾਣਗੇ। ਜੇ ਕੋਈ ਫਾਰਮ ਪ੍ਰਾਪਤ ਨਹੀਂ ਹੁੰਦਾ, ਤਾਂ ਬੀ ਐੱਲ ਓ ਸਬੰਧਤ ਘਰ ਦਾ ਤਿੰਨ ਵਾਰ ਦੌਰਾ ਕਰੇਗਾ ਤੇ ਦਰਵਾਜ਼ੇ ’ਤੇ ਸਟਿੱਕਰ ਚਿਪਕਾ ਕੇ ਜਾਣਕਾਰੀ ਦਰਜ ਕਰੇਗਾ। ਸੂਬੇ ਵਿੱਚ 24,453 ਬੀ ਐੱਲ ਓਜ਼ ਤਾਇਨਾਤ ਕੀਤੇ ਗਏ ਹਨ, ਜੋ 2,14,61,043 ਵੋਟਰਾਂ ਦੀ ਗਣਨਾ ਕਰਨਗੇ। ਹੁਣ ਤੱਕ 1,84,61,581 ਵੋਟਰਾਂ ਦੀ ਮੈਪਿੰਗ ਹੋ ਚੁੱਕੀ ਹੈ, ਜੋ ਕਿ ਕੁੱਲ ਵੋਟਰਾਂ ਦਾ 86.02 ਫ਼ੀਸਦੀ ਬਣਦੀ ਹੈ। ਚੋਣ ਕਮਿਸ਼ਨ ਦੇ ਪ੍ਰੋਗਰਾਮ ਅਨੁਸਾਰ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜ਼ੇਸ਼ਨ ਦਾ ਕੰਮ 24 ਜੁਲਾਈ ਤੱਕ ਮੁਕੰਮਲ ਕੀਤਾ ਜਾਵੇਗਾ ਅਤੇ ਵੋਟਰ ਸੂਚੀਆਂ ਦਾ ਖਰੜਾ 3 ਅਗਸਤ ਨੂੰ ਪ੍ਰਕਾਸ਼ਿਤ ਹੋਵੇਗਾ। ਇਤਰਾਜ਼ ਤੇ ਦਾਅਵੇ 3 ਅਗਸਤ ਤੋਂ 2 ਸਤੰਬਰ ਤੱਕ ਪੇਸ਼ ਕੀਤੇ ਜਾ ਸਕਣਗੇ, ਜਿਨ੍ਹਾਂ ਦਾ ਨਿਬੇੜਾ 28 ਸਤੰਬਰ ਤੱਕ ਕੀਤਾ ਜਾਵੇਗਾ।

#### ਯੋਗ ਵੋਟਰਾਂ ਦੀ ਵੋਟ ਨਾ ਕੱਟਣ ਦਾ ਭਰੋਸਾ

ਮੁੱਖ ਚੋਣ ਅਫਸਰ ਨੇ ਸਾਫ਼ ਕੀਤਾ ਹੈ ਕਿ ਗਣਨਾ ਦੌਰਾਨ ਜੇ ਕਿਸੇ ਵੋਟਰ ਦੀ ਮੈਪਿੰਗ ਨਹੀਂ ਹੁੰਦੀ, ਤਾਂ ਉਸ ਨੂੰ ਨੋਟਿਸ ਜਾਰੀ ਕੀਤਾ ਜਾਵੇਗਾ। ਉਹ ਵਿਅਕਤੀ ਲੋੜੀਂਦੇ ਦਸਤਾਵੇਜ਼ ਪੇਸ਼ ਕਰ ਕੇ ਆਪਣੀ ਵੋਟ ਬਣਾ ਸਕੇਗਾ। ਇਸ ਦੌਰਾਨ ਕਿਸੇ ਯੋਗ ਵੋਟਰ ਦੀ ਵੋਟ ਨਹੀਂ ਕੱਟੀ ਜਾਵੇਗੀ। ਜੇ ਕਿਸੇ ਕੋਲ ਵਿਦੇਸ਼ੀ ਪਾਸਪੋਰਟ ਹੈ, ਤਾਂ ਉਹ ਭਾਰਤ ਵਿੱਚ ਵੋਟ ਬਣਾਉਣ ਦਾ ਹੱਕਦਾਰ ਨਹੀਂ ਹੋਵੇਗਾ। ਦੋ ਥਾਵਾਂ ’ਤੇ ਵੋਟ ਬਣਾਉਣ ਜਾਂ ਵਿਦੇਸ਼ੀ ਨਾਗਰਿਕਤਾ ਹੋਣ ਦੇ ਬਾਵਜੂਦ ਭਾਰਤੀ ਵੋਟ ਰੱਖਣ ਵਾਲੇ ਨੂੰ ਕਾਨੂੰਨ ਅਨੁਸਾਰ ਸਾਲ ਤੱਕ ਦੀ ਕੈਦ ਹੋ ਸਕਦੀ ਹੈ।

# ਕਤਰ ਦੇ ਮੰਤਰੀ ਨੇ ਭਾਰਤੀਆਂ ਦੀ ਮੌਤ ’ਤੇ ਦੁੱਖ ਪ੍ਰਗਟਾਇਆ

**ਦੁਬਈ, 24 ਜੂਨ**
ਕਤਰ ਦੇ ਊਰਜਾ ਮੰਤਰੀ ਸਾਦ ਬਿਨ ਸ਼ਰੀਦਾ ਅਲ-ਕਾਬੀ ਨੇ ਅੱਜ ਦੋਹਾ ਸਥਿਤ ਭਾਰਤੀ ਸਫ਼ਾਰਤਖ਼ਾਨੇ ਦਾ ਦੌਰਾ ਕੀਤਾ ਅਤੇ ਰਸ ਲਾਫਾਨ ਸਨਅਤੀ ਸ਼ਹਿਰ ਵਿੱਚ ਬਰਜ਼ਾਨ ਗੈਸ ਪਲਾਂਟ ’ਚ ਹੋਏ ਧਮਾਕੇ ’ਚ 12 ਭਾਰਤੀ ਨਾਗਰਿਕਾਂ ਦੇ ਮਾਰੇ ਜਾਣ ’ਤੇ ਦੁੱਖ ਪ੍ਰਗਟਾਇਆ। ਇਸ ਹਾਦਸੇ ਵਿੱਚ ਕੁੱਲ 13 ਵਿਅਕਤੀਆਂ ਦੀ ਮੌਤ ਹੋਈ ਸੀ। ਕਤਰ ਐਨਰਜੀ ਵੱਲੋਂ ਜਾਰੀ ਬਿਆਨ ਵਿੱਚ ਅਲ-ਕਾਬੀ ਨੇ ਕਿਹਾ ਕਿ ਬੇਗੁਨਾਹ ਜਾਨਾਂ ਦਾ ਨੁਕਸਾਨ ਬਹੁਤ ਵੱਡਾ ਘਾਟਾ ਹੈ ਅਤੇ ਪੀੜਤ ਪਰਿਵਾਰਾਂ ਨਾਲ ਉਨ੍ਹਾਂ ਦੀਆਂ ਸੰਵੇਦਨਾਵਾਂ ਹਨ। ਅਲ-ਕਾਬੀ ਨੇ ਭਾਰਤੀ ਸਫ਼ੀਰ ਵਿਪੁਲ ਨਾਲ ਮੁਲਾਕਾਤ ਕੀਤੀ ਅਤੇ ਕਤਰ ਸਰਕਾਰ ਤੇ ਊਰਜਾ ਖੇਤਰ ਵੱਲੋਂ ਹਮਦਰਦੀ ਜਤਾਈ। ਉਨ੍ਹਾਂ ਕਿਹਾ, “ਅਸੀਂ ਜ਼ਖ਼ਮੀਆਂ ਦੇ ਛੇਤੀ ਸਿਹਤਯਾਬ ਹੋਣ ਦੀ ਦੁਆ ਕਰਦੇ ਹਾਂ।” ਭਾਰਤੀ ਦੂਤਾਵਾਸ ਨੇ ਮਦਦ ਲਈ ਕਤਰੀ ਅਧਿਕਾਰੀਆਂ ਦਾ ਧੰਨਵਾਦ ਕੀਤਾ। **-ਪੀਟੀਆਈ**

**ਗੈਸ ਪਲਾਂਟ ਵਿੱਚ ਹੋਏ ਧਮਾਕੇ ’ਚ ਮਾਰੇ ਗਏ ਸਨ 12 ਭਾਰਤੀ**

# ਊਧਵ ਧੜੇ ਦੇ ਸੰਸਦ ਮੈਂਬਰ ਸਪੀਕਰ ਨੂੰ ਮਿਲੇ

**ਨਵੀਂ ਦਿੱਲੀ:** ਸ਼ਿਵ ਸੈਨਾ (ਯੂ ਬੀ ਟੀ) ਦੇ ਸੰਸਦ ਮੈਂਬਰਾਂ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨਾਲ ਮੁਲਾਕਾਤ ਕੀਤੀ ਅਤੇ ਪਾਰਟੀ ਛੱਡ ਕੇ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਵਿੱਚ ਸ਼ਾਮਲ ਹੋਏ ਛੇ ਬਾਗ਼ੀ ਸੰਸਦ ਮੈਂਬਰਾਂ ਵੱਲੋਂ ਸੌਂਪੀਆਂ ਮੰਗਾਂ ਦੀ ਕਾਪੀ ਮੰਗੀ। ਅਨਿਲ ਦੇਸਾਈ ਤੇ ਅਰਵਿੰਦ ਸਾਵੰਤ ਨੇ ਦੱਸਿਆ ਕਿ ਉਨ੍ਹਾਂ ਸਪੀਕਰ ਨੂੰ ਸੰਵਿਧਾਨ ਦੀਆਂ ਮੱਦਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ। ਫ਼ਿਲਹਾਲ ਸਪੀਕਰ ਨੇ ਦੱਸਿਆ ਹੈ ਕਿ ਉਨ੍ਹਾਂ ਨੂੰ ਬਾਗ਼ੀ ਸੰਸਦ ਮੈਂਬਰਾਂ ਦੀ ਕੋਈ ਲਿਖਤੀ ਅਰਜ਼ੀ ਪ੍ਰਾਪਤ ਨਹੀਂ ਹੋਈ। **-ਪੀਟੀਆਈ**

# ਵੀਡੀਓ ਵਿਵਾਦ: ਭਾਜਪਾ ਨੇ ਪੁਲੀਸ ਅਧਿਕਾਰੀਆਂ ਵਿਰੁੱਧ ਵੀ ਕਾਰਵਾਈ ਮੰਗੀ

**ਨਵੀਂ ਦਿੱਲੀ, 24 ਜੂਨ**
ਭਾਜਪਾ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ’ਤੇ ਇੱਕ ਵਿਵਾਦਤ ਵੀਡੀਓ ਮਾਮਲੇ ਵਿੱਚ ਅਕਾਲ ਤਖ਼ਤ ਦੇ ਫ਼ੈਸਲੇ ਦੇ ਜਵਾਬ ਵਿੱਚ ਜਾਅਲੀ ਫੋਰੈਂਸਿਕ ਰਿਪੋਰਟ ਤਿਆਰ ਕਰਵਾਉਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਾਇਆ ਹੈ। ਭਾਜਪਾ ਨੇ ਮੁੱਖ ਮੰਤਰੀ ਅਤੇ ਇਸ ਮਾਮਲੇ ਵਿੱਚ ਕਥਿਤ ਤੌਰ ’ਤੇ ਸ਼ਾਮਲ ਪੁਲੀਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਦੋਸ਼ ਲਾਇਆ ਕਿ ਪੰਜਾਬ ਪੁਲੀਸ ਦੇ ਅਧਿਕਾਰੀਆਂ ਅਤੇ ਪ੍ਰਾਈਵੇਟ ਫੋਰੈਂਸਿਕ ਲੈਬਾਰਟਰੀ ਨਾਲ ਜੁੜੇ ਵਿਅਕਤੀਆਂ ਨੇ ਅਕਾਲ ਤਖ਼ਤ ਦੇ ਵੱਕਾਰ ਨੂੰ ਠੇਸ ਪਹੁੰਚਾਉਣ ਦੇ ਮਕਸਦ ਨਾਲ ਵੀਡੀਓ ਨੂੰ ਫ਼ਰਜ਼ੀ ਕਰਾਰ ਦੇਣ ਵਾਲੀ ਰਿਪੋਰਟ ਤਿਆਰ ਕਰਨ ਲਈ ਮਿਲੀਭੁਗਤ ਕੀਤੀ। ਮੰਗਲਵਾਰ ਨੂੰ ਹਰਿਆਣਾ ਪੁਲੀਸ ਨੇ ਇੱਕ ਵਿਅਕਤੀ ਦੀ ਸ਼ਿਕਾਇਤ ’ਤੇ ਕੇਸ ਦਰਜ ਕਰ ਕੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ। **-ਪੀਟੀਆਈ**

# ਵਿਦਿਆਰਥੀ ਪਰਿਸ਼ਦ ਦਾ ਵਫ਼ਦ ਉਪ ਰਾਸ਼ਟਰਪਤੀ ਨੂੰ ਮਿਲਿਆ

**ਨਵੀਂ ਦਿੱਲੀ, 24 ਜੂਨ**
ਆਰ ਐਸ ਐਸ/ਭਾਜਪਾ ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ (ਏ ਬੀ ਵੀ ਪੀ) ਦਾ ਵਫ਼ਦ ਮੰਗਲਵਾਰ ਨੂੰ ਉਪ ਰਾਸ਼ਟਰਪਤੀ ਸੀ ਪੀ ਰਾਧਾਕ੍ਰਿਸ਼ਨਨ ਨੂੰ ਮਿਲਿਆ। ਵਫ਼ਦ ਨੇ ਰਾਧਾਕ੍ਰਿਸ਼ਨਨ ਨਾਲ ਪੰਜਾਬ ਯੂਨੀਵਰਸਿਟੀ ਨਾਲ ਸਬੰਧਤ ਮੁੱਦਿਆਂ ਸਣੇ ਨੌਜਵਾਨਾਂ ਦੇ ਸ਼ਕਤੀਕਰਨ, ਉੱਚ ਸਿੱਖਿਆ ਤੇ ਵਿਦਿਆਰਥੀ ਭਲਾਈ ਜਿਹੇ ਮੁੱਦਿਆਂ ਉੱਤੇ ਵਿਚਾਰ ਚਰਚਾ ਕੀਤੀ।

ਵਿਦਿਆਰਥੀ ਪਰਿਸ਼ਦ ਦੇ ਕੌਮੀ ਪ੍ਰਧਾਨ ਰਘੂਰਾਜ ਕਿਸ਼ੋਰ ਤਿਵਾੜੀ ਤੇ ਕੌਮੀ ਜਨਰਲ ਸਕੱਤਰ ਵੀਰੇਂਦਰ ਸਿੰਘ ਸੋਲੰਕੀ ਦੀ ਅਗਵਾਈ ਵਾਲੇ ਵਫ਼ਦ ਨੇ ਉਪ ਰਾਸ਼ਟਰਪਤੀ ਅੱਗੇ ਪੰਜਾਬ ਯੂਨੀਵਰਸਿਟੀ ਨਾਲ ਸਬੰਧਤ ਮਸਲੇ ਰੱਖੇ, ਜਿਨ੍ਹਾਂ ਵਿੱਚ ਚੁਣੇ ਹੋਏ ਵਿਦਿਆਰਥੀ ਪ੍ਰਤੀਨਿਧਾਂ ਨੂੰ ਯੂਨੀਵਰਸਿਟੀ ਸੈਨੇਟ ਵਿੱਚ ਨੁਮਾਇੰਦਗੀ ਦੇਣ, ਵਿਦਿਆਰਥੀਆਂ ਦੀ ਵਧਦੀ ਗਿਣਤੀ ਮੁਤਾਬਕ ਹੋਸਟਲ ਬੁਨਿਆਦੀ ਢਾਂਚੇ ਦਾ ਵਿਸਤਾਰ, ਖ਼ਾਲੀ ਫੈਕਲਟੀ ਅਹੁਦਿਆਂ ਉੱਤੇ ਨਿਯਮਤ ਤੇ ਨਿਰਧਾਰਿਤ ਸਮੇਂ ’ਚ ਨਿਯੁਕਤੀਆਂ ਅਤੇ ਆਰ ਐੱਸ ਐੱਸ ਨਾਲ ਸਬੰਧਤ ਵਿਦਿਆਰਥੀ ਜਥੇਬੰਦੀ ਬਾਰੇ ਚਰਚਾ ਸ਼ਾਮਲ ਸੀ। ਵਫ਼ਦ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਉੱਭਰ ਰਹੀਆਂ ਤਕਨਾਲੋਜੀਆਂ ਨੂੰ ਸਮਰਪਿਤ ਅਤਿ-ਆਧੁਨਿਕ ਕੇਂਦਰ ਸਥਾਪਤ ਕਰਨ ਦੀ ਲੋੜ ਨੂੰ ਵੀ ਉਜਾਗਰ ਕੀਤਾ, ਅਤੇ ਸਥਾਈ ਸਲਾਹਕਾਰ ਸਟਾਫ ਵਾਲੇ ਵਿਦਿਆਰਥੀ ਭਲਾਈ ਅਤੇ ਮਾਨਸਿਕ ਸਿਹਤ ਸਹਾਇਤਾ ਕੇਂਦਰ ਦੇ ਨਾਲ-ਨਾਲ ਯੋਗ ਅਤੇ ਮਾਨਸਿਕਤਾ ਕੇਂਦਰ ਸਥਾਪਤ ਕਰਨ ਦੀ ਵਕਾਲਤ ਕੀਤੀ। **-ਪੀਟੀਆਈ**

**ਪੰਜਾਬ ਯੂਨੀਵਰਸਿਟੀ ਨਾਲ ਸਬੰਧਤ ਮੁੱਦਿਆਂ ਬਾਰੇ ਚਰਚਾ ਕੀਤੀ**

# ਮੁੰਬਈ ਦੀ ਲੋਕਲ ਟਰੇਨ ’ਚ ਨੌਜਵਾਨ ਦਾ ਕਤਲ, ਮੁਲਜ਼ਮ ਗ੍ਰਿਫ਼ਤਾਰ

**ਮੁੰਬਈ:** ਮੀਂਹ ਦੌਰਾਨ ਟਰੇਨ ਦੇ ਦਰਵਾਜ਼ੇ ਖੁੱਲ੍ਹੇ ਰੱਖਣ ਜਾਂ ਬੰਦ ਕਰਨ ਸਬੰਧੀ ਹੋਈ ਬਹਿਸ ਦੌਰਾਨ ਇੱਕ ਸਹਿ-ਯਾਤਰੀ ਨੇ 22 ਸਾਲਾ ਨੌਜਵਾਨ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ। ਇੱਕ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਬਾਅਦ ਵਿੱਚ ਸਚਿਨ ਰਮੇਸ਼ ਸੁਵਰਨਾ (30) ਵਜੋਂ ਹੋਈ ਹੈ, ਜਿਸ ਨੂੰ ਲਗਪਗ 400 ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਫਰੋਲਣ ਸਣੇ ਇੱਕ ਵੱਡੀ ਤਲਾਸ਼ੀ ਮੁਹਿੰਮ ਤੋਂ ਬਾਅਦ ਕੁਝ ਘੰਟਿਆਂ ਅੰਦਰ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਦੋਹਾਂ ਵਿਚਾਲੇ ਤਕਰਾਰ ਉਦੋਂ ਸ਼ੁਰੂ ਹੋਈ ਜਦੋਂ ਚਰਚਗੇਟ-ਨਾਲਾਸੁਪਾਰਾ ਫਾਸਟ ਲੋਕਲ ਟਰੇਨ ਰਾਤ 10.42 ਵਜੇ ਅੰਧੇਰੀ ਸਟੇਸ਼ਨ ’ਤੇ ਪੁੱਜੀ। ਉਨ੍ਹਾਂ ਵਿੱਚੋਂ ਇੱਕ ਚਾਹੁੰਦਾ ਸੀ ਕਿ ਦਰਵਾਜ਼ੇ ਖੁੱਲ੍ਹੇ ਰੱਖੇ ਜਾਣ, ਜਦੋਂ ਕਿ ਦੂਜੇ ਨੇ ਮੀਂਹ ਦਾ ਹਵਾਲਾ ਦਿੰਦੇ ਹੋਏ ਇਸ ’ਤੇ ਇਤਰਾਜ਼ ਜਤਾਇਆ। **-ਪੀਟੀਆਈ**


**pnb ਪੰਜਾਬ ਨੈਸ਼ਨਲ ਬੈਂਕ** ... ਭਰੋਸੇ ਦਾ ਪ੍ਰਤੀਕ

**ਸਰਕਲ ਦਫਤਰ: ਪਲਾਟ ਨੰ. 445, ਫੇਜ਼ 3, ਦਾਦੀ ਪੋਤੀ ਪਾਰਕ ਦੇ ਨੇੜੇ, ਮਾਡਲ ਟਾਊਨ, ਬਠਿੰਡਾ**

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ ਦਾ ਸੋਧ ਪੱਤਰ**

ਕਿਰਪਾ ਕਰਕੇ **ਸਾਡੀ ਮਾਨਸਾ-031300** ਸ਼ਾਖਾ ਦੀ **ਮੈਸਰਜ਼ ਸ਼ਿਵ ਸ਼ਕਤੀ ਮੈਡੀਕਲ ਸੁਸਾਇਟੀ** ਦੇ ਖਾਤੇ ਲਈ ਈ-ਆਕਸ਼ਨ ਵਿਕਰੀ ਨੋਟਿਸ ਵੇਖੋ ਜੋ ਮਿਤੀ 24.06.2026 ਨੂੰ ਦੀ ਟ੍ਰਿਬਿਊਨ ਅਤੇ ਪੰਜਾਬੀ ਟ੍ਰਿਬਿਊਨ ਵਿਚ ਪ੍ਰਕਾਸ਼ਿਤ ਹੋਇਆ ਸੀ। ਹੁਣ ਇਸ ਖਾਤੇ ਵਿਚ ਕਿਰਪਾ ਕਰਕੇ ਸੁਰੱਖਿਅਤ ਲੈਣਦਾਰਾਂ ਨੂੰ ਜਾਣੇ ਜਾਂਦੇ ਰਿਣਭਾਰ ਦੇ ਵੇਰਵੇ ਪੜ੍ਹੋ:-

1) SA/302/2025 DRT-III, ਚੰਡੀਗੜ੍ਹ ਅੱਗੇ ਲੰਬਿਤ ਹੈ।
2) ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵਿਖੇ ਲੰਬਿਤ ਕੇਸ, ਵੇਰਵੇ ਹੇਠਾਂ ਦਿੱਤੇ ਗਏ ਹਨ:-
a) ਸੀਆਰ/1649/2026 b) ਸੀਆਰ/1743/2022
c) CRM-M/60578/2022 d) COCP/3097/2023
e) CACP/09/2024
3) CRM/673/2025 (ਸੀਜੇਐਮ ਕੋਰਟ ਮਾਨਸਾ ਵਿਖੇ)
4) OA/2695/2017 DRT-III, ਚੰਡੀਗੜ੍ਹ ਅੱਗੇ ਲੰਬਿਤ ਹੈ।

ਵਿਕਰੀ ਨੋਟਿਸ ਦੇ ਬਾਕੀ ਸਾਰੇ ਨਿਯਮ ਅਤੇ ਸ਼ਰਤਾਂ 24.06.2026 ਨੂੰ ਅਖ਼ਬਾਰਾਂ ਦੀ ਟ੍ਰਿਬਿਊਨ ਅਤੇ ਪੰਜਾਬੀ ਟ੍ਰਿਬਿਊਨ ਵਿਚ ਪ੍ਰਕਾਸ਼ਿਤ ਹੋਣ ਵਾਲੀਆਂ ਹੀ ਰਹਿਣਗੀਆਂ।

**ਅਧਿਕਾਰਤ ਅਧਿਕਾਰੀ।**